# ਦਫਤਰ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸਾਖਾ ਬਰਨਾਲਾ

ਫੋਨ/ਫੈਕਸ ਨੰ:06179-230600
Email ID:xenpwdbarnala@yahoo.com

ਵੱਲ

ਸੁਖਮੀਤ ਸਿੰਘ ਧਾਲੀਵਾਲ ਪ੍ਰਧਾਨ ਨਿਹਾਲ ਐਜੂਕੇਸਨਲ,
ਐਂਡ ਵੈਲਫੇਅਰ ਸੁਸਾਇਟੀ ਰਜਿ ਭਦੌੜ,
ਤਹਿ ਤਪਾ, ਜਿਲ੍ਹਾ ਬਰਨਾਲਾ।

ਨੰ:...2746... ਮਿਤੀ...16-9-19...

ਵਿਸਾ:- ਨਿਹਾਲ ਐਜੂਕੇਸਨ ਐਂਡ ਵੈਲਫੇਅਰ ਸੁਸਾਇਟੀ ਰਜਿ ਭਦੌੜ ਅਧੀਨ ਇੱਕ ਸਕੂਲ ਸੈਮਰੋਕ ਇੰਟਰਨੈਸ਼ਨਲ ਪਬਲਿਕ ਪਬਲਿਕ ਸਕੂਲ, ਜੈਮਲ ਸਿੰਘ ਵਾਲਾ ਜਿਲ੍ਹਾ ਬਰਨਾਲਾ ਵਿਖੇ ਭਦੌੜ-ਤਪਾ ਰੋਡ ਤੇ ਬਣਾਉਣ ਦੇ ਸਬੰਧ ਵਿੱਚ ਐਨ.ਓ.ਸੀ ਜਾਰੀ ਕਰਨ ਬਾਰੇ।

ਹਵਾਲਾ:- ਆਪ ਦੀ ਪ੍ਰਤੀ ਬੇਨਤੀ ਮਿਤੀ 06.09.2019

ਉਪਰੋਕਤ ਵਿਸੇ ਸਬੰਧੀ ਆਪ ਵੱਲੋਂ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਏ ਨਕਸ਼ੇ ਅਤੇ ਉਪ ਮੰਡਲ ਇੰਜੀਨੀਅਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਇਹ ਜਗਾਂ ਸਾਇਟ ਤਪਾ-ਤਲਵੰਡੀ ਸੜਕ ਦੇ ਕਿਲੋਮੀਟਰ 9 ਵਿੱਚ ਖੱਬੇ ਪਾਸੇ ਸਥਿਤ ਹੈ।ਸੁਸਾਇਟੀ ਵੱਲੋਂ ਇਸ ਜਗਾ ਤੇ ਕੋਈ ਉਸਾਰੀ ਨਹੀ ਕੀਤੀ ਗਈ।ਇਹ ਸਾਇਟ ਪੀ.ਡਬਲਿਯੂ.ਡੀ ਦੀ ਲੈਂਡ ਵਿੱਡਥ ਤੋਂ ਬਾਹਰ ਹੈ।ਇਸ ਲਈ ਹੇਠ ਲਿਖੀਆ ਸਰਤਾਂ ਦੇ ਅਧਾਰ ਤੇ ਐਨ.ਓ.ਸੀ ਜਾਰੀ ਕੀਤਾ ਜਾਂਦਾ ਹੈ।

1. ਸੜਕ ਦੀਆਂ ਬਰਮਾਂ ਉਪਰ ਕੋਈ ਵਹੀਕਲ ਖੜਾ ਨਹੀ ਕੀਤਾ ਜਾਵੇਗਾ ਜੇਕਰ ਇਸ ਤਰਾਂ ਕਰਨ ਨਾਲ ਸੜਕ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਉਸਨੂੰ ਪੂਰਾ ਕਰਨ ਲਈ ਆਪ ਦੀ ਜਿੰਮੇਵਾਰ ਹੋਵੇਗੀ ।
2. ਆਪ ਵੱਲੋ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲ ਵਾਲੀ ਜਗ੍ਹਾ ਦਾ ਪਾਣੀ ਸੜਕ ਤੇ ਨਹੀ ਆਵੇਗਾ ਅਤੇ ਸਬੰਧਿਤ ਪ੍ਰਾਰਥੀ ਪਾਣੀ ਦੀ ਨਿਕਾਸੀ ਲਈ ਪੁਖਤੇ ਪ੍ਰਬੰਧ ਆਪਣੇ ਖਰਚੇ ਤੇ ਕਰੇਗਾ ਅਤੇ ਪਾਣੀ ਦੀ ਨਿਕਾਸੀ ਦਾ ਸਲੋਪ ਰੋਡ ਲੇਵਲ ਤੋਂ ਨੀਵਾਂ ਰੱਖਿਆ ਜਾਵੇ।
3. ਆਪ ਸਹਿਯੋਗੀ ਵੱਲੋ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾਂ ਕਰਨ ਦੇ ਪਾਬੰਧ ਹੋਵੋਗੇ ।
4. ਜੇਕਰ ਭਵਿੱਖ ਵਿੱਚ ਇਸ ਸੜਕ ਤੇ ਪੁੱਡਾ ਐਕਟ ਲਾਗੂ ਹੁੰਦਾ ਹੈ ਤਾਂ ਸਬੰਧਿਤ ਫਰਮ ਪੁੱਡਾ ਐਕਟ ਦੀਆਂ ਗਾਈਡ ਲਾਈਨਜ਼ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਏਗੀ ਅਤੇ ਸਕੂਲ ਦੀ ਉਸਾਰੀ ਦਾ ਕੰਮ ਪੁੱਡਾ ਐਕਟ/ਗਾਈਡਲਾਈਨਜ਼ ਦੇ ਮੁਤਾਬਿਕ ਕਰਵਾਏਗੀ।
5. ਆਪ ਸਹਯੋਗ ਵੱਲੋਂ ਭਵਿੱਖ ਵਿੱਚ ਸਮੇਂ ਸਮੇਂ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਦੀ ਇਨ ਬਿਨ ਪਾਲਣਾ ਕਰਨ ਦੇ ਪਾਬੰਧ ਹੋਵੋਗੇ।ਪਾਲਣਾ ਨਾ ਕਰਨ ਦੀ ਸੂਰਤ ਵਿੱਚ ਇਹ ਐਨ.ਓ.ਸੀ ਰੱਦ ਕਰ ਦਿੱਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ ਲੋ.ਨਿ.ਵਿ.
ਭ ਤੇ ਮ ਸਾਖਾ ਬਰਨਾਲਾ

ਪਿੱਠ ਅੰਕਣ ਨੰਬਰ ........ ਮਿਤੀ ...............

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜਨੀਅਰ ਉਸਾਰੀ ਉਪ ਮੰਡਲ ਨੰ 1 ਬਰਨਾਲਾ ਨੂੰ ਉਹਨਾ ਦੇ ਪੱਤਰ ਨੰ: 169 ਮਿਤੀ 13.09.2019 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਿੱਤੀਆਂ ਹਦਾਇਤਾਂ ਦੀ ਪਾਲਣਾ ਅਪਣੀ ਨਿਗਰਾਨੀ ਹੇਠ ਕਰਵਾਈ ਜਾਵੇ।

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ ਲੋ.ਨਿ.ਵਿ.
ਭ ਤੇ ਮ ਸਾਖਾ ਬਰਨਾਲਾ

Scanned with CamScanner